ਪੰਜਾਬੀ (Punjabi)

# ਉਲਟੀ ਅਤੇ ਦਸਤ ਸਫ਼ਾਈ ਯੋਜਨਾ

Do it Right! Serve it Safe!

## ਸਥਾਪਨਾ ਸੰਬੰਧੀ ਜਾਣਕਾਰੀ

▶ ਨਾਮ ____________________

▶ ਪਤਾ ____________________

## ਸਫ਼ਾਈ ਯੋਜਨਾ

### ▶ ਗਾਹਕ

- ☐ ਲੋਕਾਂ ਨੂੰ ਦੂਰ ਲੈ ਜਾਓ।
- ☐ ਦੂਸ਼ਿਤ ਖੇਤਰ ਦੇ ਆਲੇ-ਦੁਆਲੇ 25 ਫੁੱਟ ਤੱਕ ਬਲਾਕ ਕਰੋ। ਲੋਕਾਂ ਨੂੰ ਦਾਖਲ ਨਾ ਹੋਣ ਦਿਓ।
- ☐ ਹੋਰ: ____________________

### ▶ ਸਤਹ

- ☐ ਉਲਟੀ ਜਾਂ ਦਸਤ ਉਪੱਰ ਬੇਕਿੰਗ ਸੋਡਾ ਜਾਂ ਕਿਟੀ ਲਿਟਰ ਵਰਗੀ ਡਿਸਪੋਸੇਬਲ ਸਮੱਗਰੀ ਪਾ ਕੇ ਭਿੱਜਣ ਦੇਵੋ। ਫਿਰ ਇਸਨੂੰ ਖੁਰੱਚ ਕੇ ਰੱਦੀ ਦੇ ਬੈਗ ਵਿੱਚ ਪਾ ਕੇ ਸੁੱਟ ਦਿਓ।
- ☐ ਸਤ੍ਹਾ ਨੂੰ ਸਾਫ਼ ਕਰਨ ਲਈ ਸਾਬਣ ਵਾਲੇ ਪਾਣੀ ਦੀ ਵਰਤੋਂ ਕਰੋ।
- ☐ ਖੇਤਰ ਵਿੱਚ ਸਤ੍ਹਾ ਨੂੰ ਰੋਗਾਣੂ ਮੁਕਤ ਕਰੋ। ਕੀਟਾਣੂਨਾਸ਼ਕ ਦੀ ਵਰਤੋਂ ਕਰੋ ਜੋ ਵਾਇਰਸਾਂ ਨੂੰ ਮਾਰਦਾ ਹੈ। ਇਹ ਰਸੋਈ ਦੇ ਸੈਨੀਟਾਈਜ਼ਰ ਨਾਲੋਂ ਵੱਖਰਾ ਉਤਪਾਦ ਹੈ। ਲੇਬਲ ਵਿੱਚ ਨਿਰਦੇਸ਼ਾਂ ਦੀ ਪਾਲਣਾ ਕਰੋ।
- ☐ ਸਾਰੇ ਡਿਸਪੋਸੇਬਲ ਸਫਾਈ ਉਪਕਰਣਾਂ ਨੂੰ ਟ੍ਰੈਸ਼ ਬੈਗ ਵਿੱਚ ਰੱਖੋ। ਇਸ ਵਿੱਚ ਸਕੂਪ, ਮੋਪ ਹੈਡ, ਦਸਤਾਨੇ ਅਤੇ ਤੌਲੀਏ ਵਰਗੇ ਉਪਕਰਣ ਸ਼ਾਮਲ ਹਨ। ਟ੍ਰੈਸ਼ ਬੈਗ ਨੂੰ ਤੁਰੰਤ ਬਾਹਰਲੇ ਡੰਪਟਰ ਵਿੱਚ ਸੁੱਟ ਦਿਓ।
- ☐ ਮੁੜ ਵਰਤੋਂ ਯੋਗ ਉਪਕਰਨਾਂ ਨੂੰ , ਮੋਪ ਸਿੰਕ ਵਿੱਚ, ਸਾਫ਼ ਅਤੇ ਰੋਗਾਣੂ ਮੁਕਤ ਕਰੋ।
- ☐ ਵਰਤੇ ਗਏ ਕੀਟਾਣੂਨਾਸ਼ਕ ਨੂੰ ਬਾਹਰ ਸੁੱਟ ਦਿਓ।
- ☐ ਹੋਰ: ____________________

### ▶ ਭੋਜਨ ਅਤੇ ਪੀਣ ਵਾਲੇ ਪਦਾਰਥ

- ☐ ਖੇਤਰ ਵਿੱਚ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਨਾਲ ਕੰਮ ਨਾ ਕਰੋ।
- ☐ ਖੇਤਰ ਵਿੱਚ ਕੋਈ ਵੀ ਨ ਢੱਕਿਆ ਹੋਇਆ ਭੋਜਨ ਜਾਂ ਸਿੰਗਲ-ਸਰਵਿਸ ਚੀਜ਼ਾਂ ਸੁੱਟ ਦਿਓ।
- ☐ ਖੇਤਰ ਵਿੱਚ ਸਾਰੇ ਬਰਤਨ ਅਤੇ ਉਪਕਰਣ ਧੋਵੋ।
- ☐ ਹੋਰ: ____________________

### ▶ ਕਰਮਚਾਰੀ

- ☐ ਸਾਰੇ ਬਿਮਾਰ ਕਰਮਚਾਰੀਆਂ ਨੂੰ ਤੁਰੰਤ ਘਰ ਭੇਜੋ। ਬਿਮਾਰ ਕਰਮਚਾਰੀ ਉਦੋਂ ਤੱਕ ਕੰਮ 'ਤੇ ਵਾਪਸ ਨਹੀਂ ਆ ਸਕਦੇ ਜਦੋਂ ਤੱਕ ਉਨ੍ਹਾਂ ਦੇ 24 ਘੰਟਿਆਂ ਤੱਕ ਕੋਈ ਲੱਛਣ ਨਹੀਂ ਹੁੰਦੇ।
- ☐ ਉਲਟੀ ਅਤੇ ਦਸਤ ਨੂੰ ਸਾਫ਼ ਕਰਨ ਲਈ ਫੇਸ ਮਾਸਕ, ਜੁੱਤੀਆਂ ਦੇ ਕਵਰ, ਡਿਸਪੋਜ਼ੇਬਲ ਦਸਤਾਨੇ ਅਤੇ ਏਪਰਨ ਪਾਓ।
- ☐ ਸਫ਼ਾਈ ਤੋਂ ਤੁਰੰਤ ਬਾਅਦ ਰੈਸਟਰੂਮ ਹੈਂਡ ਸਿੰਕ ਵਿਖੇ ਹੱਥ ਧੋਵੋ।
- ☐ ਜਿਹਣਾਂ ਕਰਮਚਾਰੀਆਂ ਨੇ ਸਫਾਈ ਵਿੱਚ ਮਦਦ ਕੀਤੀ ਹੈ, ਉਨ੍ਹਾਂ ਨੂੰ ਘਰ ਭੇਜੋ । ਉਨ੍ਹਾਂ ਨੂੰ ਨਹਾਉਣਾ ਚਾਹੀਦਾ ਹੈ ਅਤੇ ਕੱਪੜੇ ਬਦਲਣੇ ਚਾਹੀਦੇ ਹਨ।
- ☐ ਕਰਮਚਾਰੀਆਂ ਨੂੰ ਆਪਣੇ ਮੈਨੇਜਰ ਨੂੰ ਸਫਾਈ ਕਰਨ ਤੋਂ ਬਾਅਦ ਉਲਟੀਆਂ ਜਾਂ ਦਸਤ ਦੇ ਲੱਛਣਾਂ ਦੀ ਰਿਪੋਰਟ ਕਰਨੀ ਜਰੂਰੀ ਹੈ।
- ☐ ਹੋਰ: ____________________

## ਕਰਮਚਾਰੀਆਂ ਦੀਆਂ ਅਸਾਈਨਮੈਂਟਾਂ

ਜਦੋਂ ਵੀ ਸੰਭਵ ਹੋਵੇ, ਗੈਰ-ਭੋਜਨ ਕਰਮਚਾਰੀਆਂ ਨੂੰ ਸਾਫ਼-ਸਫ਼ਾਈ ਦੀਆਂ ਡਿਊਟੀਆਂ ਸੌਂਪੋ।

▶ **ਜੇਕਰ ਉਲਟੀ ਜਾਂ ਦਸਤ ਦੀ ਘਟਨਾ ਵਾਪਰਦੀ ਹੈ ਤਾਂ ਕਿਸ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ?**

☐ ਮੈਨੇਜਰ ☐ ਸਫਾਈ ਵਾਲਾ ☐ ਸੇਵਕ ☐ ਹੋਰ

▶ **ਉਲਟੀ ਅਤੇ ਦਸਤ ਦੀ ਸਫਾਈ ਲਈ ਕੌਣ ਜ਼ਿੰਮੇਵਾਰ ਹੈ?**

☐ ਮੈਨੇਜਰ ☐ ਸਫਾਈ ਵਾਲਾ ☐ ਸੇਵਕ ☐ ਹੋਰ

## ਸਫਾਈ ਸਾਧਨ ਕਿੱਟ

▶ **ਤੁਹਾਡੀ ਕਿੱਟ ਵਿੱਚ ਇਹ ਹੋਣਾ ਚਾਹੀਦਾ ਹੈ:**

- ਡਿਸਪੋਸੇਬਲ ਮਾਸਕ
- ਡਿਸਪੋਸੇਬਲ ਦਸਤਾਨੇ
- ਡਿਸਪੋਸੇਬਲ ਐਪਰਨ
- ਚਸ਼ਮਾ ਜਾਂ ਫੇਸ ਮਾਸਕ
- ਬੇਕਿੰਗ ਸੋਡਾ ਜਾਂ ਕਿਟੀ ਲਿਟਰ ਵਰਗੀ ਸੋਖਣ ਵਾਲੀ ਸਮੱਗਰੀ।
- ਡਿਸਪੋਸੇਬਲ ਸਕੂਪਸ।
- ਕੂੜੇ ਦੇ ਥੈਲੇ
- ਕਾਗਜ਼ ਦੇ ਤੌਲੀਏ
- ਡਿਸਪੋਸੇਬਲ ਮੋਪ ਸਿਰ
- ਮੋਪ ਬਾਲਟੀ
- ਸਾਵਧਾਨੀ ਟੇਪ ਜਾਂ ਚਿੰਨ੍ਹ
- ਜੁੱਤੀ ਕਵਰ
- ਕੀਟਾਣੂਨਾਸ਼ਕ
- ਹੋਰ: ____________________

▶ **ਕਿੱਟ ਸਥਾਨ** ____________________________________________

! ਉਲਟੀ ਜਾਂ ਦਸਤ ਸਾਫ਼ ਕਰਨ ਲਈ ਵਰਤੇ ਜਾਣ ਵਾਲੇ ਉਪਕਰਣਾਂ ਨੂੰ ਰਸੋਈ ਵਿੱਚ ਸਟੋਰ ਜਾਂ ਸਾਫ਼ ਨਹੀਂ ਕਰਨਾ ਚਾਹੀਦਾ ਹੈ। ਮੁੜ ਵਰਤੋਂ ਕੀਤੇ ਜਾਣ ਵਾਲੇ ਉਪਕਰਣਾਂ ਨੂੰ ਮੋਪ ਸਿੰਕ ਵਿੱਚ ਸਾਫ਼ ਕਰੋ।

## ਕਰਮਚਾਰੀ ਸਿਖਲਾਈ

ਕਰਮਚਾਰੀਆਂ ਨੂੰ ਪਹਿਲਾਂ ਤੋਂ ਹੀ ਸਹੀ ਢੰਗ ਨਾਲ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਇਸ ਗੱਲ ਦਾ ਰਿਕਾਰਡ ਰੱਖੋ ਕਿ ਕਿਸ ਨੂੰ ਕਦੋਂ ਸਿਖਲਾਈ ਦਿੱਤੀ ਗਈ ਹੈ।

▶ **ਕਰਮਚਾਰੀਆਂ ਨੂੰ ਕਿਵੇਂ ਸਿਖਲਾਈ ਦਿੱਤੀ ਜਾਂਦੀ ਹੈ?**

☐ ਪਲੈਨ ਪੜ੍ਹੋ ☐ ਕਿੱਟ ਦਾ ਪ੍ਰਦਰਸ਼ਨ ☐ ਹੋਰ

▶ **ਕਰਮਚਾਰੀਆਂ ਨੂੰ ਨਿਯੁਕਤ ਕੀਤੇ ਜਾਣ ‘ਤੇ ਸਿਖਲਾਈ ਦਿੱਤੀ ਜਾਂਦੀ ਹੈ ਅਤੇ:**

☐ ਤਿਮਾਹੀ ☐ ਸਾਲਾਨਾ ☐ ਹੋਰ

## Additional notes